## ਪੰਜਾਬ ਸਰਕਾਰ, ਜਲ ਸਰੋਤ ਵਿਭਾਗ

### ਦਫਤਰੀ ਹੁਕਮ

ਸ੍ਰੀ ਜਤਿੰਦਰ ਉਪ ਮੰਡਲ ਅਫਸਰ, ਜਿਨ੍ਹਾਂ ਨੂੰ ਪੱਤਰ ਨੰਬਰ 780-83/ਈਈ-2/2023 ਮਿਤੀ 04.09.2023 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 10 ਅਧੀਨ ਸੋ ਕਾਜ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਹੇਠ ਦਰਸਾਏ ਅਨੁਸਾਰ ਦੋਸ਼ ਲਗਾਏ ਗਏ ਸਨ-

"ਮਿਤੀ 29.08.2023 ਨੂੰ ਨਹਿਰਾਂ ਦੇ ਪ੍ਰੋਜੈਕਟਾਂ ਸਬੰਧੀ ਹੋਈ ਰੀਵਿਊ ਮੀਟਿੰਗ ਦੌਰਾਨ ਪਾਇਆ ਗਿਆ ਕਿ ਆਪ ਵੱਲੋ "Work under withdrawal gap of Project for Rehabilitation with concrete lining of BDC XXIV" ਦੀ ਸਕੀਮ ਅਧੀਨ ਆਉਂਦਾ "Brick lining of water courses at tail RD 36500 of Sidwan Minor". ਦਾ ਕੰਮ ਕਰਵਾਉਣ ਲਈ ਕੋਈ ਠੋਸ ਉਪਰਾਲੇ ਨਹੀ ਕੀਤੇ ਜਾ ਰਹੇ ਤਾਂ ਜੋ ਇਹ ਕੰਮ ਸਮੇ ਸਿਰ ਕਰਵਾਇਆ ਜਾ ਸਕੇ। ਜੇਕਰ ਇਹ ਕੰਮ ਸਮੇਂ ਸਿਰ ਪੂਰਾ ਨਹੀਂ ਕਰਵਾਇਆ ਗਿਆ ਤਾਂ ਸਰਕਾਰ ਨੂੰ ਵਿੱਤੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਕਰਦੇ ਹੋਏ ਆਪ ਵਲੋਂ ਆਪਣੀ ਡਿਊਟੀ ਸਹੀ ਢੰਗ ਨਾਲ ਨਿਭਾਈ ਗਈ ਅਤੇ ਡਿਊਟੀ ਪ੍ਰਤੀ ਕੁਤਾਹੀ ਵਰਤੀ ਗਈ ਹੈ। "

ਅਧਿਕਾਰੀ ਵੱਲੋਂ ਆਪਣਾ ਜਵਾਬ ਸਰਕਾਰ ਨੂੰ ਪੇਸ਼ ਕੀਤਾ ਗਿਆ ਹੈ।

ਸ੍ਰੀ ਜਤਿੰਦਰ, ਉਪ ਮੰਡਲ ਅਫਸਰ ਨੂੰ ਆਪਣਾ ਪੱਖ ਰੱਖ ਰੱਖਣ ਲਈ ਲਗਾਤਾਰ ਸੁਣਵਾਈ ਦੇ ਮੌਕੇ ਦਿੱਤੇ ਗਏ ਅਤੇ ਮਿਤੀ 10.09.2024 ਨੂੰ ਵੀ.ਸੀ ਰਾਹੀਂ ਹੋਈ ਨਿੱਜੀ ਸੁਣਵਾਈ ਦੌਰਾਨ ਆਪਣਾ ਪੱਖ ਰੱਖਿਆ ਗਿਆ। ਅਧਿਕਾਰੀ ਦਾ ਜਵਾਬ ਅਤੇ ਨਿੱਜੀ ਸੁਣਵਾਈ ਦੌਰਾਨ ਪੇਸ਼ ਕੀਤੇ ਤੱਥਾਂ ਨੂੰ ਵਿਚਾਰਦੇ ਹੋਏ, ਇੱਕ ਸਾਲ ਤੋ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਵੱਲੋਂ ਕੋਈ ਕਾਰਵਾਈ ਕਰਨ ਦੀ ਖੇਚਲ ਨਹੀਂ ਕੀਤੀ ਗਈ। ਇਸ ਲਈ ਅਧਿਕਾਰੀ ਵਿਰੁੱਧ ਜਾਰੀ ਸੋ ਕਾਜ ਨੋਟਿਸ ਦਾ ਫੈਸਲਾ ਕਰਦੇ ਹੋਏ ਅਧਿਕਾਰੀ ਦੀ ਇੱਕ ਇੰਨਕਰੀਮੈਂਟ (ਸਲਾਨਾ ਤਰੱਕੀ) ਬਿਨਾਂ ਭਵਿੱਖੀ ਅਸਰ ਤੋਂ ਬੰਦ ਕਰਨ ਦੀ ਸਜਾ ਦਿੱਤੀ ਜਾਂਦੀ ਹੈ ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ ।

ਮਿਤੀ 10.09.2024
ਸਥਾਨ ਚੰਡੀਗੜ੍ਹ ।

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰਬਰ...I/926680........./3ਈਈ-2/2024 ਮਿਤੀ..13/09/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ **By E-mail** ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1.. ਮੁੱਖ ਇੰਜੀਨੀਅਰ/ ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ ਚੌਕਸੀ ਅਤੇ ਕੁਆਲਟੀ ਐਸੋਰੈਸ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਨਿਗਰਾਨ ਇੰਜੀਨੀਅਰ/ਲੁਧਿਆਣਾ ਕੈਨਾਲ ਸਰਕਲ, ਸਰੋਤ ਵਿਭਾਗ, ਪੰਜਾਬ, ਲੁਧਿਆਣਾ।
4. ਕਾਰਜਕਾਰੀ ਇੰਜੀਨੀਅਰ/ਬਿਸਤ ਦੁਆਬ ਨਹਿਰ ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਜਲੰਧਰ ।
5. ਸੁਪਰਡੈਂਟ/ਗਜਟਿਡ ਸੈਲਰੀ ਸ਼ਾਖਾ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
6. ਕਾਰਜਕਾਰੀ ਇੰਜੀਨੀਅਰ/ਆਈ.ਟੀ-ਕਮ-ਜੀ.ਆਈ.ਐਸ ਅਤੇ ਡਿਜੀਲਾਈਜੇਸ਼ਨ ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਲ ਸਰੋਤ ਵਿਭਾਗ ਦੀ ਵੈੱਬਸਾਈਟ ਤੇ ਇਹ ਹੁਕਮ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
7. ਸ੍ਰੀ ਜਤਿੰਦਰ, ਉਪ ਮੰਡਲ ਅਫਸਰ ਮੋਬਾਇਲ ਨੰ. 82839-40245 (ਵਟਸਐਪ ਰਾਹੀਂ ਸੂਚਿਤ ਕਰਨ ਹਿੱਤ)।

ਸੁਪਰਡੈਂਟ/ਈਈ-2, 13/9/24
ਵਾ. ਮੁੱਖ ਇੰਜੀਨੀਅਰ/ਹੈੱਡਕੁਆਟਰ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ ।

ਕਾਪੀ:-

ਸੁਪਰਡੈਂਟ/ਚਾਰਜਸ਼ੀਟ ਸੈੱਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ।